ਪੜ੍ਹਦੇ ਜਾਓ, ਵੱਧਦੇ ਜਾਓ
RASHTRIYA MADHYAMIK SHIKSHA ABHIYAN

# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ

ਫੋਨ ਨੰ. 0172-2212221

ਵੱਲ

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ
ਸਬੰਧਤ ਸਕੂਲ ਮੁੱਖੀ (ਵੈਬਸਾਈਟ ਰਾਹੀਂ)

ਮੀਮੋ ਨੰ: SCERT,CP/UP/2014/201832972
ਮਿਤੀ:- 01-08-2018

ਵਿਸ਼ਾ :- **'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ'- ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਸਕੂਲ ਮੁੱਖੀਆਂ ਲਈ ਹਦਾਇਤਾਂ ਸਬੰਧੀ।**

1) ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।
2) ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ, ਵਿਦਿਆਰਥੀਆਂ ਨੂੰ ਗੁਣਾਤਮਕ ਸਿੱਖਿਆ ਦੇਣ ਲਈ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ'- ਪ੍ਰੋਗਰਾਮ ਚਲਾਇਆ ਜਾ ਰਿਹਾ ਹੈ।ਜਿਸ ਵਿੱਚ ਹਾਲ ਦੀ ਘੜੀ ਛੇਵੀਂ ਤੋਂ ਦੱਸਵੀਂ ਦੇ ਵਿਦਿਆਰਥੀਆਂ ਲਈ ਯਤਨ ਕੀਤੇ ਜਾ ਰਹੇ ਹਨ।ਉਕਤ ਪ੍ਰੋਗਰਾਮ ਅਧੀਨ ਵਿਭਾਗ ਵੱਲੋਂ ਸਮੇਂ ਸਮੇਂ ਤੇ ਵਿਦਿਆਰਥੀ ਦੀ ਪੜ੍ਹਾਈ ਨੂੰ ਉੱਚਾ ਚੁਕੱਣ ਲਈ ਸਕੂਲ ਮੁੱਖੀਆਂ ਲਈ ਬਹੁਤ ਸਾਰੀਆਂ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ। ਦੇਖਣ ਵਿੱਚ ਆਇਆ ਹੈ ਕਿ ਸਕੂਲ ਮੁੱਖੀ ਵਧੇਰੇ ਕਰਕੇ ਸਕੂਲ ਪ੍ਰਬੰਧਨ ਵੱਲ ਹੀ ਧਿਆਨ ਦਿੰਦੇ ਪਰ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਤਹਿਤ ਜਾਰੀ ਹਦਾਇਤਾਂ ਨੂੰ ਲਾਗੂ ਕਰਣ ਵਿੱਚ ਅਵੇਸਲੇ ਰਹਿੰਦੇ ਹਨ।ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆ ਹੋਇਆਂ ਸਮੂਹ ਸਕੂਲ ਮੁੱਖੀਆਂ ਨੂੰ ਹੇਠ ਲਿਖੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਲਈ ਲਿਖਿਆ ਜਾ ਰਿਹਾ ਹੈ।

1. DMs ਅਤੇ BMs ਨੰ School visits ਦੌਰਾਨ, ਸਕੂਲ ਵਿੱਚ ਪੇਸ਼ ਆਉਦੀਆਂ ਮੁਸ਼ਕਿਲਾਂ ਅਤੇ ਪਰੋਜੈਕਟ ਦੀ feedback ਨੂੰ ਡੀ.ਈ.ਓ(ਸੈ.ਸਿੱ) ਨਾਲ ਸਾਂਝਾ ਕਰਨ ।
2. ਸਕੂਲ ਮੁਖੀ ਯਕੀਨੀ ਬਣਾਉਣ ਕਿ ਵਿਗਿਆਨ ਅਤੇ ਗਣਿਤ ਵਿਸ਼ੇ ਨਾਲ ਸਬੰਧਤ ਗਤੀਵਿਧੀਆਂ ਦਾ ਸਮਾਨ ਸਕੂਲ ਵਿੱਚ ਉਪਲਬਧ ਹੋਵੇ।

3. ਸਕੂਲ ਮੁਖੀ ਵਿਸ਼ਾ ਅਧਿਆਪਕ ਅਤੇ ਡੀ.ਐਮ./ਬੀ.ਐਮ. ਨਾਲ ਮਿਲ ਕੇ ਕਮਜ਼ੋਰ ਬੱਚਿਆਂ ਦੀ ਨਿਸ਼ਾਨਦੇਹੀ ਕਰਨ ਅਤੇ ਉਹਨਾਂ ਦੇlearning level ਨੂੰ ਵਾਧਾ ਕਰਨ ਲਈ Action Plan ਬਣਾਉਣ।
4. ਮੁੱਖ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਸਕੂਲ ਟ੍ਰੇਨਿੰਗ ਦੌਰਾਨ ਅਧਿਆਪਕਾਂ ਨੂੰ ਟ੍ਰੇਨਿੰਗ ਵਿੱਚ ਭੇਜਣ ਲਈ ਮਨਾਹੀ ਕਰਦੇ ਹਨ।ਉਹ ਇਹ ਯਕੀਨੀ ਬਣਾਉਣ ਕੀ ਉਹ ਟ੍ਰੇਨਿੰਗ ਵਿੱਚ ਹਰੇਕ ਅਧਿਆਪਕ ਨੂੰ ਭੇਜਣ।
5. ਸਕੂਲ ਮੁਖੀ ਯਕੀਨੀ ਬਣਾਉਣ ਕਿ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਦੀਆਂ work sheets ਦਾ ਜੋ ਕੰਮ ਹੋ ਰਿਹਾ ਹੈ, ਉਹ ਕਲਾਸ ਵਿੱਚ ਸਹੀ ਢੰਗ ਨਾਲ ਕਰਵਾਇਆ ਜਾ ਰਿਹਾ ਹੈ।
6. ਬੇਸਲਾਈਨ,ਐਂਡਲਾਈਨ ਅਤੇ ਗਣਿਤਵਿਗਿਆਨ/ ਮੇਲਿਆਂ ਦੌਰਾਨ ਵਿਦਿਆਰਥੀਆਂ ਦੀ 100% ਹਾਜਰੀ ਯਕੀਨੀ ਬਣਾਉਣ।
7. ਇਹ ਯਕੀਨੀ ਬਣਾਇਆ ਜਾਵੇ ਕਿ ਡੀ.ਐਮ. ਅਤੇ ਬੀ.ਐਮ. ਦੀ ਵਿਜ਼ਿਟ ਸਕੂਲ ਦੀ ਛੁੱਟੀ . ਹੋਣ ਦੇ ਸਮੇਂ ਤੋਂ ਘੱਟ ਤੋਂ ਘੱਟ ਦੋ ਘੰਟੇ ਪਹਿਲਾਂ ਸਕੂਲ ਵਿੱਚ ਹਾਜਰ ਹੋਣ ।
8. ਸਕੂਲ ਮੁੱਖੀ ਟ੍ਰੇਨਿੰਗ ਪ੍ਰਾਪਤ ਕਰਕੇ ਆਏ ਵਿਸ਼ਾ ਅਧਿਆਪਕਾਂ ਨਾਲ ਮੀਟਿੰਗ ਕਰਨ ਅਤੇ ਟ੍ਰੇਨਿੰਗ ਵਿੱਚ ਪੜ੍ਹੋ'ਪੰਜਾਬ ਪੜ੍ਹਾਓ ਪੰਜਾਬ' ਦੀ ਗਤੀਵਿਧੀਆਂ ਸਬੰਧੀ ਮਿਲੀਆਂ ਹਦਾਇਤਾਂ ਨੂੰ ਸਹੀ ਢੰਗ ਨਾਲ ਲਾਗੂ ਕਰਨ।
9. 2017-18 ਵਿੱਚ ਅੱਠਵੀਂ ਜਮਾਤ ਦੇ ਕਮਜ਼ੋਰ ਬੱਚਿਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਅਤੇ ਵਿਸ਼ਾ ਅਧਿਆਪਕ ਨਾਲ ਸਾਝਾਂ ਕਰਕੇ ਇਹਨਾਂ ਵਿਦਿਆਰਥੀਆਂ ਦਾ ਨਤੀਜਾ ਸੁਧਾਰਨ ਲਈ ਯੋਜਨਾਬੰਦੀ ਕੀਤੀ ਜਾਵੇ।

10। ਮਿਡਲ ਸਕੂਲਾਂ ਲਈ **Rs.2000/-(Science)**, **Rs.1500/-(Maths)** ਰੁਪਏ ਪ੍ਰਤੀ ਸਕੂਲ ਪਹਿਲਾਂ ਖਰਚ ਕਰਨ ਵਾਲੀ ਰਾਸ਼ੀ ਦੀ ਹਦਾਇਤਾਂ/ਗ੍ਰਾਂਟ ਜਾਰੀ ਕਰ ਦਿੱਤੀ ਗਈ ਸੀ ਅਤੇ ਸੀ.ਸੈਕੰਡਰੀ ਸਕੂਲ ਅਮਲਗਮੇਟਿਡ **ਫੰਡ** ਵਿਚੋਂ ਰਾਸ਼ੀ ਵਰਤ ਲੈਣ ਦੀ ਹਦਾਇਤਾਂ ਪਹਿਲਾਂ ਹੀ ਜਾਰੀ ਹੋ ਚੁੱਕੀ ਹੈ।

11. ਛੇਵੀਂ ਤੋਂ ਦੱਸਵੀਂ ਜਮਾਤਾਂ ਦੇ ਬੇਸਲਾਈਨ ਹੋ ਚੁੱਕੇ ਹਨ ਅਤੇ ਇਸਦੇ ਨਤੀਜੇ ਦੇ ਆਧਾਰ ਤੇ ਸਕੂਲ ਮੁੱਖੀ ਆਪਣੇ ਵਿਸ਼ਾ ਅਧਿਆਪਕਾਂ ਦੇ ਭੱਵਿਖ ਦੀ ਕਾਰਜਯੋਜਨਾ ਤਿਆਰ ਕਰਨ।

12. ਸਾਰੇ ਵਿਦਿਆਰਥੀਆਂ (6ਵੀਂ ਤੋਂ 10ਵੀਂ) ਤੱਕ ਨੂੰ ਅਧਿਆਇ ਦੇ ਖਤਮ ਹੋਣ ਪਿੱਛੋਂ ਦੁਹਰਾਈ ਦੇ ਲਈ ਵਰਕਸ਼ੀਟ ਅਤੇ ਸਪਲੀਮੈਂਟਰੀ ਸਮਗਰੀ ਹੱਲ ਕਰਨ ਲਈ ਦਿੱਤੀ ਜਾਵੇ, ਜੋ ਕਿ ਮੁੱਖ ਦਫ਼ਤਰ ਵੱਲੋਂ ਸਕੂਲ ਪੱਧਰ ਤੇ ਮੁੱਹਈਆ ਕਰਵਾਈਆਂ ਗਈਆਂ ਹਨ

12.1 Pre-fair workshops ਲਈ ਸਕੂਲ ਮੁੱਖੀ,ਗਣਿਤ ਮੇਲੇ ਅਤੇ ਸਾਇੰਸ ਮੇਲਿਆਂ ਨੂੰ ਸਫਲਤਾਪੂਰਵਕ ਕਰਵਾਉਣ ਲਈ , ਗਣਿਤ ਵਿਸ਼ੇ ਲਈ 4 ਲਗਾਤਾਰ ਵਰਕਿੰਗ ਦਿਨਾਂ ਦਾ ਅਤੇ ਵਿਗਿਆਨ ਵਿਸ਼ੇ ਲਈ ਜ਼ਰਰੂਤ ਅਨੁਸਾਰ ਇੱਕ ਜਾਂ ਦੋਂ ਦਿਨ ਦਾ (with in school timetable, ਕੋਈ ਲਗਾਤਾਰ ਤਿੰਨ ਪੀਰੀਅਡ) ਸਮਾਂ ਨਿਸ਼ਚਿਤ ਕਰਨ ਅਤੇ ਅਧਿਆਪਕਾਂ ਨੂੰਨੋਟ ਕਰਵਾਉਣ।

12.2 ਅਧਿਆਪਕ ਵਿਦਿਆਰਥੀਆਂ ਦੀ ਜ਼ਰੂਰਤ ਅਨੁਸਾਰ ਇੱਕ ਤੋਂ ਦੋ ਦਿਨ ਪ੍ਰੀ-ਐਕਟੀਵਿਟੀ ਫੇਅਰ ਵਜੋਂ ਗਤੀਵਿਧੀਆਂ ਦੀ ਦੁਹਰਾਈ ਕਰਵਾ ਸਕਦਾ ਹੈ ਜਿਸ ਲਈ ਉਹ ਲਗਾਤਾਰ ਤਿੰਨ ਪੀਰੀਅਡ ਲੈ ਸਕਦਾ ਹੈ।

12.3 ਵਿਗਿਆਨ ਐਕਟੀਵਿਟੀ ਫੇਅਰ : ਮਿਤੀ 01-08-2018 ਤੋਂ 21-08-2018ਤੱਕ - ਕੋਈ ਇੱਕ ਦਿਨ

12.4 ਗਣਿਤ ਮੇਲੇ: ਮਿਤੀ 21-07-2018 (ਫੇਜ਼-1) ਮਿਤੀ 28-07-2018 (ਫੇਜ਼-2)

12.5 ਐਕਟੀਵਿਟੀ ਫੇਅਰ ਦੌਰਾਨ (6ਵੀਂ ਤੋਂ 9ਵੀਂ ਜਮਾਤ ਲਈ) ਵਿਦਿਆਰਥੀਆਂ ਦੀ ਕਾਰਗੁਜ਼ਾਰੀ ਦੇ ਆਧਾਰ 'ਤੇ ਅਧਿਆਪਕ ਦੁਆਰਾ SA-1 ਲਈ ਵਿਦਿਆਰਥੀਆਂ ਦੀ Practical Assessment ਕੀਤੀ ਜਾਵੇ ਅਤੇ ਇਸਦਾ ਰਿਕਾਰਡ ਰੱਖਿਆ ਜਾਵੇ।

12.6 Spirit Lamp ਜਾਂ ਮੋਮਬੱਤੀ ਦੀ ਵਰਤੋਂ ਕਰਨ ਵਾਲੀਆਂ ਕਿਰਿਆਵਾਂ ਲਈ ਡਬਲ ਬੈਂਚਾਂ ਦੀ ਵਰਤੋਂ ਲਾਜ਼ਮੀ ਤੌਰ 'ਤੇ ਕੀਤੀ ਜਾਵੇ। Fair ਸਮੇਂ ਜਲਣਸ਼ੀਲ ਪਦਾਰਥ ਕੋਲ ਅੱਗ ਬੁਝਾਉ ਯੰਤਰ/ਪਾਣੀ ਦੀ ਅਤੇ ਰੇਤ ਦੀ ਬਾਲਟੀ ਦਾ ਪ੍ਰਬੰਧ ਹੋਵੇ ਅਤੇ ਉੱਥੇ ਕਿਸੇ ਇੱਕ ਜਾਂ ਦੋ ਅਧਿਆਪਕਾਂ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਮੁਕੰਮਲ ਨਿਗਰਾਨੀ ਰੱਖੀ ਜਾ ਸਕੇ।

12.7 ਐਕਟੀਵਿਟੀ ਫੇਅਰ ਦੌਰਾਨ ਕਿਰਿਆਵਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਮਾਤਾ-ਪਿਤਾ ਸੱਦਾ ਦਿੱਤਾ ਜਾਵੇ।

12.8 ਆਪਣੇ ਕੰਪਲੈਕਸ ਮਿਡਲ ਸਕੂਲਾਂ ਵਿੱਚ ਐਕਟੀਵਿਟੀ ਫੇਅਰ ਦੇ ਦੌਰਾਨ ਵਿਦਿਆਰਥੀਆਂ ਦੀ ਹੌਸਲਾ-ਅਫ਼ਜਾਈ ਲਈ ਪਹਿਲ ਦੇ ਅਧਾਰ ਤੇ ਆਪ ਖੁੱਦ ਵਿਜ਼ਿਟ ਕਰਨ ਕਿਸੇ ਸਕੂਲ ਵਿੱਚ ਵਿਸ਼ਾ ਅਧਿਆਪਕ ਦੀ ਅਸਾਮੀ ਖ਼ਾਲੀ ਹੋਣ 'ਤੇ ਹਾਈ /ਸਸੀਨੀਅਰ ਸੰਕੈਡਰੀ ਸਕੂਲ ਮੁਖੀ ਇਹ ਯਕੀਨੀ ਬਣਾਉਣਗੇ ਕਿ ਜਿਨ੍ਹਾਂ ਮਿਡਲ ਸਕੂਲਾਂ ਵਿੱਚ ਕੋਈ ਵਿਸ਼ਾ ਅਧਿਆਪਕ ਨਹੀਂ ਹੈ ਉਹਨਾਂ ਟੀਵਿਟੀ ਫੇਅਰ ਦੌਰਾਨ ਆਪਣੇ ਸਕੂਲ ਦੇ ਵਿਸ਼ਾ ਅਧਿਆਪਕ ਦੀ ਡਿਊਟੀ ਇੱਕ ਸਕੂਲਾਂ ਵਿੱਚ ਐਕ ਦਿਨ ਲਈ ਆਰਜੀ ਤੌਰ'ਤੇ ਲਗਾਈ ਜਾਵੇ।

**13.** ਅਧਿਆਪਕ ਟ੍ਰੇਨਿੰਗ ਦੌਰਾਨ ਦਿੱਤੀਆਂ ਹਦਾਇਤਾਂ ਅਨੁਸਾਰ ਐਂਡਲਾਈਨ ਦਾ ਮੁਲਾਂਕਣ ਅਗਸਤ ਮਹੀਨੇ ਵਿੱਚ ਆਪਣੀ ਦੇਖ ਰੇਖ ਵਿੱਚ ਕਰਵਾਉਣ।

14. State Head Quarter ਤੋਂ Listening, Speaking, Reading,Writing ਸਬੰਧੀ ਮਟਰੀਅਲ ਸਕੂਲਾਂ ਨੂੰ ਈ-ਮੇਲ ਰਾਹੀਂ ਭੇਜਿਆ ਜਾਵੇਗਾ। ਸਬੰਧਤ ਅਧਿਆਪਕ ਅਤੇ ਸਕੂਲ ਮੁੱਖੀ ਉਸ ਮਟੀਰੀਅਲ ਦੀ ਵਰਤੋਂ ਸੁਨਿਸ਼ਚਿਤ ਬਣਾਉਣ।

15. ਵੱਖ ਵੱਖ ਪੱਧਰ ਤੇ ਕੰਪੀਟੀਸ਼ਨ ਵੀ ਕਰਵਾਏ ਜਾਣੇ ਹਨ। ਅਧਿਆਪਕ ਇਹਨਾਂ ਮੁਕਾਬਲਿਆਂ 'ਚ maximum ਵਿਦਿਆਰਥੀ ਦੀ ਭਾਗੀਦਾਰੀ ਯਕੀਨੀ ਬਣਾਉਣ।

16. +1, +2 ਦੇ ਵਿਦਿਆਰਥੀਆਂ ਵਿੱਚ English Speaking develop ਕੀਤੀ ਜਾਵੇ। ਇਸ ਲਈ DMs, BMs , School Head ਧਿਆਨ ਦੇਣ।

16. +1, +2 ਦੇ ਵਿਦਿਆਰਥੀਆਂ ਵਿੱਚ English Speaking develop ਕੀਤੀ ਜਾਵੇ। ਇਸ ਲਈ DMs, BMs , School Head ਧਿਆਨ ਦੇਣ।

17. ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਕੁੱਝ ਅਜਿਹੇ ਵਿਦਿਆਰਥੀ ਹਨ ਜਿਨ੍ਹਾਂ ਨੂੰ ਪੰਜਾਬੀ ਲਿਖਣ,ਪੜ੍ਹਨ ਤੇ ਸਮਝਣ ਵਿੱਚ ਦਿੱਕਤ ਹੈ। ਪੰਜਾਬੀ ਭਾਸ਼ਾ ਵਿੱਚ ਸੁਧਾਰ ਲਿਆਉਣ ਲਈ 'ਪੜ੍ਹੋ ਪੰਜਾਬ ਪੜ੍ਹਾਓ ਪੰਜਾਬਪੰਜਾਬੀ -' ਪ੍ਰਾਜੈਕਟ ਸ਼ੁਰੂ ਕੀਤਾ ਗਿਆ ਹੈ। ।ਜਿਸਦਾ ਜਲਦ ਹੀ ਬੇਸਲਾਈਨ ਆਪਣੀ ਦੇਖ-ਰੇਖ ਵਿੱਚ ਕਰਵਾਇਆ ਜਾਵੇ।

18. ਸਕੂਲ ਮੁੱਖੀ ਮਿਤੀ 18-08-2017 ਨੂੰ ਵਿਭਾਗ ਵਲੋ ਜਾਰੀ ਹਦਾਇਤਾਂ ਨੂੰ ਵੀ ਸਕੂਲ ਦੀ ਬਿਹਤਰੀ ਅਤੇ ਕਾਰਜਗੁਰਾਰੀ ਲਈ ਇੰਨ ਬਿੰਨ ਲਾਗੂ ਕਰਨ।

ਸਹਾਇਕ ਡਾਇਰੈਕਟਰ (ਟ੍ਰੇਨਿੰਗ)
ਐਸ.ਸੀ.ਈ.ਆਰ.ਟੀ., ਪੰਜਾਬ।